# ਅਗਨ ਕਥਾ, ਤਾਜਪੋਸ਼ੀ ਤੇ ਆਵਾਜ਼-ਏ-ਕਸ਼ਮੀਰ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਪੰਜਾਬ ਦੇ ਵੱਖ ਵੱਖ ਹਿੱਸਿਆਂ ਵਿਚ ਪਿਛਲੇ ਦਿਨਾਂ 'ਚ ਤਿੰਨ ਨਾਟਕ ਪੇਸ਼ਕਾਰੀਆਂ ਹੋਈਆਂ, ਜਿਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ। ਇਕ ਰਾਏਕੋਟ 'ਚ ਹੋਈ, ਪ੍ਰੋ. ਗੁਰਭਜਨ ਗਿੱਲ ਦੀ ਕਵਿਤਾ 'ਤੇ ਆਧਾਰਿਤ ਸੋਮਪਾਲ ਹੀਰਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਅਗਨ ਕਥਾ', ਦੂਜਾ ਚਰਨ ਸਿੰਘ ਸਿੰਧਰਾ ਦਾ ਨਾਟਕ 'ਤਾਜਪੋਸ਼ੀ' ਅਤੇ ਇਕ ਮੇਰਾ ਆਪਣਾ ਨਾਟਕ 'ਆਵਾਜ਼-ਏ-ਕਸ਼ਮੀਰ'। ਤਿੰਨੋ ਪੇਸ਼ਕਾਰੀਆਂ ਵੱਖ ਵੱਖ ਨਾਟ-ਸ਼ੈਲੀਆਂ ਵਿਚ ਹੋਈਆਂ। ਇਨ੍ਹਾਂ ਦੇ ਵੱਖ ਵੱਖ ਪ੍ਰਭਾਵ ਹਨ, ਜਿਨ੍ਹਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ।

'ਅਗਨ ਕਥਾ' ਦੋ ਪਾਤਰੀ ਨਾਟਕ ਸੀ। ਇਹ ਗੁਰਭਜਨ ਗਿੱਲ ਦੀ ਲੰਮੀ ਕਵਿਤਾ ਨੂੰ ਆਪਣਾ ਵਿਸ਼ਾ ਬਣਾਉਣਾ ਹੈ। ਗੁਰਭਜਨ ਗਿੱਲ ਦੀ ਇਹ ਕਾਵਿਕ ਰਚਨਾ ਪਿਛਲੇ ਸਾਲ ਸਾਨੂੰ ਪੜ੍ਹਣ ਨੂੰ ਮਿਲੀ।

ਜੰਗ ਨਹੀਂ
ਇਹ ਤਾਂ ਨਿੱਕੀ ਜਿਹੀ ਲੜਾਈ ਹੈ
ਜੰਗ ਤਾਂ ਅਜੇ ਲੜਨੀ ਹੈ
ਉਨ੍ਹਾਂ ਕਾਲੀਆਂ ਕਰੂਰ
ਤਾਕਤਾਂ ਦੇ ਖਿਲਾਫ
ਜਿਨ੍ਹਾਂ ਨੇ ਦਸੂਤੀ ਚਾਦਰ ਕੱਢਦੀਆਂ
ਮੇਰੀਆਂ ਭੈਣਾਂ ਭਤੀਜੀਆਂ ਕੋਲੋਂ
ਰੰਗੀਨ ਧਾਗਿਆਂ ਵਾਲੀਆਂ
ਅੱਟੀਆਂ ਖੋਹੀਆਂ...
ਜਿਨ੍ਹਾਂ ਨੇ ਤੂਤ ਦੀ ਲਗਰ ਵਰਗੇ
ਮੁੰਡਿਆਂ ਦੇ ਹੱਥੀਂ ਹਥਿਆਰ ਫੜਾਏ
ਜਿਨ੍ਹਾਂ ਨੇ ਸਾਡੇ ਪੁੱਤਰਾਂ ਨੂੰ ਪੁੱਤਰ ਨਹੀਂ
ਬਾਲਣ ਸਮਝਿਆ ਭੱਠੀ ਵਿਚ ਝੋਕਿਆ
ਤੇ ਖੁਦ ਨਾਅਰਿਆਂ ਦੀ ਪੱਖੀ
ਝੱਲਦੇ ਰਹੇ
..............................
ਜੰਗ ਤਾਂ ਅਜੇ ਲੜਨੀ ਹੈ
ਲੰਮੀ ਲੜਾਈ ਵਿਚ ਜਿੱਤ ਹਾਰ ਕੋਈ
ਮਾਅਨਾ ਨਹੀਂ ਰੱਖਦੀ
ਮਹੱਤਵਪੂਰਨ ਹੁੰਦਾ ਹੈ
ਤੁਸੀਂ ਕਿਸ ਖਾਤਰ ਲੜ ਰਹੇ ਹੋ।

ਇਸ ਦੋ ਪਾਤਰੀ ਨਾਟਕ ਵਿਚ ਇਕ ਪਾਤਰ 'ਕਵਿਤਾ' ਆਪ ਸੀ। ਇਹ ਪਾਤਰ ਕੰਵਲ ਢਿੱਲੋਂ ਨੇ ਬੜੀ ਨਿਪੁੰਨਤਾ ਨਾਲ ਨਿਭਾਇਆ। ਕਵਿਤਾ ਇਕ ਪਾਸੇ ਪੰਜਾਬ ਦੇ ਖਾੜਕੂਵਾਦ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਉਸ ਨੇ ਦਿੱਲੀ ਦੇ ਦੰਗਿਆਂ ਦਾ ਸੰਤਾਪ ਵੀ ਭੋਗਿਆ। ਸਹਾਇਕ ਕਲਾਕਾਰ ਸੋਮ ਪਾਲ ਹੀਰਾ ਆਪ ਸੀ। ਕਵਿਤਾ ਦੇ ਦਰਦ ਨੂੰ ਗਾਇਕ ਚਮਕੌਰ ਸਿੰਘ ਅਤੇ ਉਹਦੀ ਕੋਰਸ ਮੰਡਲੀ ਨੇ ਸਿੱਖਰ 'ਤੇ ਪੁਚਾਇਆ। ਗੁਰਭਜਨ ਗਿੱਲ ਦੇ ਆਪਣੇ ਵਿਚਾਰ ਸਨ: "ਇਨ੍ਹਾਂ ਕਵਿਤਾਵਾਂ, ਗੀਤਾਂ ਤੇ ਗ਼ਜ਼ਲਾਂ ਦੇ ਜੋ ਟੋਟੇ ਨਾਟਕ ਰਾਹੀਂ ਪੇਸ਼ ਕੀਤੇ ਗਏ, ਸ਼ਾਇਦ ਮੈਂ ਕਦੇ ਇਨ੍ਹਾਂ ਅਰਥਾਂ ਵਿਚ ਨਹੀਂ ਲਿਖੇ ਅਤੇ ਨਾ ਸਮਝੇ ਸਨ। ਜਿਵੇਂ ਹਰ ਬੋਲ ਵਿਚ ਅਨੇਕਾਂ ਪਰਤਾਂ ਹੁੰਦੀਆਂ ਹਨ, ਨਿਰਦੇਸ਼ਕ ਨੇ ਉਹ ਪਰਤਾਂ ਆਪਣੀ ਕਲਾ ਰਾਹੀਂ ਖੋਲ੍ਹੀਆਂ ਹਨ। ਮੇਰੀ ਕਵਿਤਾ ਨਾਲ ਇਨਸਾਫ ਕੀਤਾ ਗਿਆ, ਇਹਦੇ ਲਈ ਮੈਂ ਨਿਰਦੇਸ਼ਕ ਦਾ ਰਿਣੀ ਹਾਂ।"

ਪੰਜਾਬ ਦੇ ਰੰਗਮੰਚ 'ਤੇ ਇਸ ਤੋਂ ਪਹਿਲਾਂ ਪਾਸ਼ ਅਤੇ ਪਾਤਰ ਦੀ ਕਵਿਤਾ 'ਤੇ ਆਧਾਰਿਤ ਬੜੀਆਂ ਸਫਲ ਨਾਟਕ ਪੇਸ਼ਕਾਰੀਆਂ ਹੋਈਆਂ ਹਨ। ਅਗਨ ਕਥਾ ਦੀ ਪੇਸ਼ਕਾਰੀ ਇਸ ਦਿਸ਼ਾ ਵਿਚ ਅਗਲਾ ਕਦਮ ਹੈ, ਇਸ ਦਾ ਸਵਾਗਤ ਕਰਨਾ ਬਣਦਾ ਹੈ।

'ਤਾਜਪੋਸ਼ੀ' ਚਰਨ ਸਿੰਘ ਸਿੰਧਰਾ ਦਾ ਮਹਾਰਾਜਾ ਰਣਜੀਤ ਸਿੰਘ ਦੀ ਜੀਵਨੀ ਨਾਲ ਸੰਬੰਧਤ ਨਾਟਕ ਹੈ। ਇਹ ਨੌਟੰਕੀ ਦੀ ਸ਼ੈਲੀ ਵਿਚ ਹੈ। ਗੀਤ, ਕਵਿਤਾ ਅਤੇ ਨੱਟ ਤੇ ਨੱਟੀ ਦੀ ਚੁਸਤ ਵਾਰਤਾਲਾਪ ਰਾਹੀਂ ਉਸ ਕਥਾ ਨੂੰ ਅੱਗੇ ਤੋਰਿਆ ਜਾਂਦਾ ਹੈ ਜਿਸ ਰਾਹੀਂ ਮਹਾਰਾਜਾ ਰਣਜੀਤ ਸਿੰਘ ਸਿੱਖਾਂ ਦੀਆਂ ਮਿਸਲਾਂ ਦਾ ਸਰਦਾਰ ਚੁਣਿਆ ਗਿਆ ਅਤੇ ਉਹਨੇ ਬਾਹਰਲੇ ਹਮਲਾਵਰਾਂ ਨੂੰ ਭਾਜੜਾਂ ਪਾਈਆਂ। ਦੇਸ਼ ਭਗਤੀ ਪੰਜਾਬੀਅਤ ਅਤੇ ਸੂਰਮਗਤੀ ਦੀਆਂ ਰਵਾਇਤਾਂ ਦਾ ਕੋਰਸ ਦੇ ਗੀਤਾਂ ਵਿਚ ਖੁਭ ਕੇ ਵਰਨਣ ਹੈ। ਸੰਗੀਤ ਸਾਦਾ ਅਤੇ ਪ੍ਰਭਾਵਸ਼ਾਲੀ ਸੀ। ਸਰਦਾਰਨੀ ਸਦਾ ਕੌਰ ਦੀ ਭੂਮਿਕਾ ਵਿਚ ਜਸਪਾਲ ਦਿਓਲ ਦੇ ਬੋਲਾਂ ਵਿਚ ਸ਼ਕਤੀ ਸੀ ਅਤੇ ਕੂਟਨੀਤੀ ਦੀਆਂ ਸਰਾਈਆਂ ਦੀ ਉਸ ਨੇ ਦਰਸ਼ਕਾਂ ਕੋਲੋਂ ਭਰਪੂਰ ਸ਼ਲਾਘਾ ਲਈ।

'ਤਾਜਪੋਸ਼ੀ' ਬਾਰੇ ਨਾਟਕ ਦਰਸ਼ਕਾਂ ਦੀਆਂ ਦੋ ਰਾਵਾਂ ਸਨ। ਇਕ ਰਾਏ ਸੀ ਕਿ ਇਹ ਇਕ ਸਫਲ ਨਾਟਕ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨਾਲ ਸੰਬੰਧਤ ਇਕ ਮਹੱਤਵਪੂਰਨ ਘਟਨਾ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਦਾ ਹੈ। ਦੂਜੀ ਰਾਏ ਸੀ ਕਿ ਇਸ ਵਿਚ ਨਾਟਕੀ ਤੱਤ ਗੈਰ-ਹਾਜ਼ਰ ਸੀ। ਇਹ ਨਾਟਕ ਨਹੀਂ 'ਇਕ ਫੀਚਰ' ਸੀ। ਕਿਸੇ ਵੀ ਕਲਾਕ੍ਰਿਤ ਬਾਰੇ ਵੱਖ-ਵੱਖ ਰਾਵਾਂ ਹੋਣੀਆਂ ਗੈਰ-ਕੁਦਰਤੀ ਨਹੀਂ। ਨਾਟਕ ਵਿਚ ਪ੍ਰਭਾਵਸ਼ਾਲੀ ਸੰਗੀਤ ਦੀ ਹਾਜ਼ਰੀ ਇਸ ਨੂੰ ਇਕ ਮਕਬੂਲ ਕ੍ਰਿਤ ਦਾ ਦਰਜਾ ਦਿੰਦੀ ਹੈ। ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਦੇ ਦੋ ਸਾਲ ਮੁਕੰਮਲ ਹੋਣ 'ਤੇ ਜੋ ਸਮਾਗਮ ਵਿਉਂਤੇ ਜਾ ਰਹੇ ਹਨ। ਇਹ ਨਾਟਕ ਉਹਦੇ ਵਿਚ ਆਪਣਾ ਬਣਦਾ ਹਿੱਸਾ ਪਾਏਗਾ ਇਸ ਦੀ ਉਮੀਦ ਕੀਤੀ ਜਾਂਦੀ ਹੈ।

'ਆਵਾਜ਼-ਏ-ਕਸ਼ਮੀਰ' ਨਾਟਕ ਕਸ਼ਮੀਰ ਦੇ ਮਸਲੇ ਬਾਰੇ ਇਕ ਨਾਟਕਕਾਰ ਦੀ ਸੋਚ ਨੂੰ ਪੇਸ਼ ਕਰਦਾ ਹੈ। ਨਾਟਕ ਦਾ ਅਰੰਭ ਨਾਟਕਕਾਰ ਦੀ ਇਕ ਪੱਤਰਕਾਰ ਕੁੜੀ ਨਾਲ ਇੰਟਰਵਿਊ ਤੋਂ ਸ਼ੁਰੂ ਹੁੰਦਾ ਹੈ। ਨਾਟਕਕਾਰ ਬੜੇ ਸਪਸ਼ਟ ਸ਼ਬਦਾਂ ਵਿਚ ਕਹਿੰਦਾ ਹੈ ਕਿ ਕਸ਼ਮੀਰ ਦੇ ਮਸਲੇ ਬਾਰੇ ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਦੋਵੇਂ ਸਰਕਾਰਾਂ ਬਿਲਕੁਲ ਗਲਤ ਹਨ। ਆਪੋ-ਆਪਣੇ ਪੱਖ 'ਤੇ ਖਲੋਤੀਆਂ ਇਹ ਦੋਨੋਂ ਸਰਕਾਰਾਂ ਕਸ਼ਮੀਰ ਦੇ ਲੋਕਾਂ ਨੂੰ ਬਿਲਕੁਲ ਨਜ਼ਰਅੰਦਾਜ਼ ਕਰਦੀਆਂ ਹਨ। ਇਨ੍ਹਾਂ ਦੀ ਆਪਸੀ ਗੱਲਬਾਤ ਕਦੀ ਸਫਲ ਹੋ ਹੀ ਨਹੀਂ ਸਕਦੀ, ਜਿੰਨਾਂ ਚਿਰ ਇਹ ਇਸ ਸੱਚਾਈ ਨੂੰ ਸਵੀਕਾਰ ਨਹੀਂ ਕਰਦੀਆਂ ਕਿ ਕਸ਼ਮੀਰ ਸਿਰਫ ਕਸ਼ਮੀਰੀਆਂ ਦਾ ਹੈ। ਕਸ਼ਮੀਰੀ ਮੁਸਲਮਾਨਾਂ, [illegible] ਹਿੰਦੂਆਂ, ਕਸ਼ਮੀਰੀ ਸਿੱਖਾਂ ਤੇ ਕਸ਼ਮੀਰੀ ਬੋਧੀਆਂ ਦਾ ਹੈ।' ਇਹ ਸੱਚਾਈ ਸਵੀਕਾਰ ਕਰਨ ਤੋਂ ਬਾਅਦ ਹੀ ਫੇਰ ਗੱਲਬਾਤ ਰਾਹੀਂ ਰਾਹ ਲੱਭਿਆ ਜਾ ਸਕਦਾ ਹੈ ਕਿ ਕਸ਼ਮੀਰ ਦੇ ਲੋਕਾਂ ਦੀ ਰਾਏ ਜਾਣੀ ਜਾ ਸਕੇ। ਇਹਦੇ ਲਈ ਅੰਤਰਰਾਸ਼ਟਰੀ ਸੰਸਥਾਵਾਂ ਦੀ ਮਦਦ ਲਈ ਜਾ ਸਕਦੀ ਹੈ। ਹੋਰਨਾਂ ਮਸਲਿਆਂ ਬਾਰੇ ਇਹ ਮਦਦ ਲਈ ਜਾਂਦੀ ਹੈ, ਕਸ਼ਮੀਰ ਬਾਰੇ ਹੀ ਇਹ ਝਿਜਕ ਕਿਉਂ? ਅਨੰਤਨਾਗ ਦੇ ਨੇੜੇ ਚਿੱਠੀ ਸਿੰਘਪੁਰਾ, ਪਿੰਡ ਵਿਚ 35 ਸਿੱਖਾਂ ਦੀਆਂ ਹੱਤਿਆਵਾਂ ਨੂੰ ਪਿਠਭੂਮੀ ਬਣਾ ਕੇ ਇਕ ਕਸ਼ਮੀਰੀ ਟੱਬਰ ਦੀ ਕਹਾਣੀ ਇਸ ਨਾਟਕ 'ਚ ਪੇਸ਼ ਹੈ। ਇਹਦੇ 'ਚ ਤਿੰਨ ਪੜਾਅ ਹਨ। ਪਹਿਲੇ ਪੜਾਅ ਵਿਚ ਘਰ ਦੀ ਮਾਂ ਅੱਲ੍ਹਾ ਅੱਗੇ ਦੁਆ ਕਰਦੀ ਹੈ:

'ਮੇਰੇ ਅੱਲ੍ਹਾ, ਆਪਣੀ ਰਹਿਮਤ ਕਰ, ਮਰੇ ਲੋਕਾਂ ਨੂੰ ਅਮਨ ਅਤੇ ਚੈਨ ਦੀ ਜ਼ਿੰਦਗੀ ਦੀ ਬਖਸ਼ਸ਼ ਕਰ।'

ਦੂਜੇ ਪੜਾਅ 'ਚ ਜਦੋਂ ਘਰ ਦਾ ਮਾਲਕ ਵਾਪਸ ਨਹੀਂ ਆਉਂਦਾ ਤਾਂ ਦੁਆ ਵਿਚ ਇਕ ਸ਼ਿਕਾਇਤ ਹੈ:

'ਮੇਰੇ ਅੱਲ੍ਹਾ, ਤੂੰ ਦੇਖਦਾ ਪਿਆ ਏ, ਤਾ ਚੁੱਪ ਏ। ਮੈਨੂੰ ਤੇਰੀ ਰਹਿਮਤ 'ਤੇ ਸ਼ੱਕ ਹੋ ਗਿਆ ਹੈ। ਤੂੰ ਦੁਖੀਆਂ ਦੇ ਦਰਦ ਨੂੰ ਨਹੀਂ ਸਮਝਦਾ।

ਤੀਸਰੇ ਪੜਾਅ 'ਤੇ ਬਗਾਵਤ ਹੈ:

'ਮੇਰੇ ਅੱਲ੍ਹਾ, ਅੱਜ ਮੈਂ ਨਾ ਤੇਰੇ ਕੋਲੋਂ ਰਹਿਮਤ ਦੀ ਭੀਖ ਮੰਗੀ ਸੀ ਅਤੇ ਨਾ ਹੀ ਤੇਰੇ ਕੋਲ ਸ਼ਿਕਾਇਤ ਕਰਾਂਗੀ। ਅੱਜ ਮੈਂ ਆਪਣੇ ਲੋਕਾਂ ਨੂੰ ਸੰਬੋਧਿਤ ਹਾਂ ਕਿ ਉਹ ਕਸ਼ਮੀਰ ਵਿਚ ਬਾਹਰਲੀਆਂ ਤਾਕਤਾਂ ਤੋਂ ਆਜ਼ਾਦ, ਆਪਣੀ ਅਵਾਮੀ ਜੱਦੋਜਹਿਦ ਨਾਲ ਆਪਣੀ ਕਿਸਮਤ ਦੇ ਆਪ ਮਾਲਕ ਬਣਨ।'

ਕਹਾਣੀ ਵਿਚ ਇਕ ਪਾਤਰ ਜੋ ਬਚਪਨ ਵਿਚ ਹੀ 1947 ਦੇ ਅਕਤੂਬਰ ਵਿਚ ਕਬਾਇਲੀਆਂ ਵਲੋਂ ਕਸ਼ਮੀਰੀ ਔਰਤਾਂ 'ਤੇ ਢਾਲੇ ਜ਼ੁਲਮ ਨੂੰ ਵੇਖ ਕੇ ਗੂੰਗਾ ਹੋ ਗਿਆ ਸੀ, ਘੜੀ-ਮੁੜੀ ਆਪਣੀ ਅਭਿਨੈ ਨਾਲ ਘਰ ਦੀ ਮਾਲਕਣ ਨੂੰ ਇਕ ਗੱਲ ਕਹਿੰਦਾ ਹੈ:

'ਤੇਰੇ ਅੱਲ੍ਹਾ ਨੇ ਕਦੀ ਵੀ ਗਰੀਬਾਂ ਦੀ ਨਹੀਂ ਸੁਣੀ। ਇਹਦੇ ਅੱਗੇ ਫਰਿਆਦ ਕਰਨ ਦਾ ਕੀ ਫਾਇਦਾ?'

ਸਮਕਾਲੀ ਵਿਸ਼ੇ 'ਤੇ ਕੋਈ ਵੀ ਕਹੀ ਗੱਲ ਹਮੇਸ਼ਾ ਵਾਦਵਿਵਾਦ ਦਾ ਕਾਰਨ ਬਣਦੀ ਹੈ। ਪ੍ਰੈਸ ਦੀਆਂ ਟਿੱਪਣੀਆਂ ਦੱਸਦੀਆਂ ਹਨ ਕਿ ਨਾਟਕ ਦੇ ਹੱਕ ਵਿਚ ਅਤੇ ਖਿਲਾਫ ਵੀ ਆਵਾਜ਼ ਉਠੀ।

ਆਵਾਜ਼-ਏ-ਕਸ਼ਮੀਰ ਪੰਜਾਬੀ ਰਾਜਸੀ ਨਾਟਕਾਂ ਦੇ ਇਤਿਹਾਸ ਵਿਚ ਇਕ ਮੱਤਤਵਪੂਰਨ ਘਟਨਾ ਕਹੀ ਜਾ ਸਕਦੀ ਹੈ।

ਕੁਝ ਸਮੇਂ ਵਿਚ ਹੀ ਤਿੰਨ ਪੰਜਾਬੀ ਨਾਟਕਾਂ ਦਾ ਮੰਚਣ ਨਾਟਕ ਲਹਿਰ ਦੀ ਲੋੜ ਦਾ [illegible] ਹੈ।